# ਸੁਰੱਖਿਅਤ ਸਿਹਤ ਜਾਣਕਾਰੀ ਵਿੱਚ ਸੋਧ ਲਈ ਬੇਨਤੀ

ਫੈਡਰਲ ਕਾਨੂੰਨ ਅਧੀਨ ਤੁਹਾਨੂੰ ਆਪਣੀ ਸਿਹਤ ਜਾਣਕਾਰੀ ਵਿੱਚ ਸੋਧ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਇਸਦਾ ਮਤਲਬ ਇਹ ਹੈ ਕਿ ਜੇ ਤੁਸੀਂ ਆਪਣੇ ਸਿਹਤ ਰਿਕਾਰਡਾਂ ਵਿੱਚ ਕੁਝ ਅਜਿਹਾ ਦੇਖਦੇ ਹੋ ਜਿਸ ਬਾਰੇ ਤੁਹਾਨੂੰ ਯਕੀਨ ਹੈ ਕਿ ਇਹ ਗਲਤ ਜਾਂ ਅਧੂਰਾ ਹੈ, ਤਾਂ ਤੁਸੀਂ ਨਵੀਂ ਜਾਣਕਾਰੀ ਸ਼ਾਮਲ ਕਰਨ ਦੀ ਬੇਨਤੀ ਕਰ ਸਕਦੇ ਹੋ ਜੋ ਰਿਕਾਰਡ ਨੂੰ ਠੀਕ ਕਰਦੀ ਹੈ ਜਾਂ ਪੂਰਾ ਕਰਦੀ ਹੈ।

**ਜੇ ਤੁਸੀਂ ਆਪਣੀ ਸਿਹਤ ਜਾਣਕਾਰੀ ਵਿੱਚ ਸੋਧ ਦੀ ਬੇਨਤੀ ਕਰਦੇ ਹੋ ਤਾਂ ਕੀ ਉਮੀਦ ਕਰਨੀ ਹੈ:**

- ਤੁਹਾਨੂੰ ਨਾਲ ਨੱਥੀ ਬੇਨਤੀ ਫਾਰਮ ਨੂੰ ਭਰਨ ਅਤੇ ਦਸਤਖ਼ਤ ਕਰਨ ਲਈ ਕਿਹਾ ਜਾਵੇਗਾ, ਜਿਸ ਵਿੱਚ ਠੀਕ ਕੀਤੀ ਜਾਣ ਵਾਲੀ ਵਿਸ਼ੇਸ਼, ਵਿਸਥਾਰਤ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਆਪਣੀ ਬੇਨਤੀ ਇਸ ਪਤੇ 'ਤੇ ਜਮ੍ਹਾਂ ਕਰੋ:

  PeaceHealth<br>Health Information Management, Dept #336<br>1115 SE 164th Ave<br>Vancouver WA 98683-9324<br>ਫੈਕਸ: 541-242-8046
- ਸਾਡਾ ਸਟਾਫ ਤੁਹਾਡੇ ਰਿਕਾਰਡਾਂ ਦੀ ਜਾਂਚ ਕਰੇਗਾ ਅਤੇ ਤੁਹਾਡੇ ਡਾਕਟਰ ਅਤੇ ਤੁਹਾਡੀ ਦੇਖਭਾਲ ਅਤੇ ਇਲਾਜ ਵਿੱਚ ਸ਼ਾਮਲ ਹੋਰਨਾਂ ਨਾਲ ਸਲਾਹ-ਮਸ਼ਵਰਾ ਕਰ ਸਕਦਾ ਹੈ।
- ਤੁਹਾਨੂੰ ਵਾਸ਼ਿੰਗਟਨ (Washington) ਵਿੱਚ 10 ਦਿਨਾਂ ਦੇ ਅੰਦਰ ਅਤੇ ਓਰੇਗਨ (Oregon) ਜਾਂ ਅਲਾਸਕਾ (Alaska) ਵਿੱਚ 60 ਦਿਨਾਂ ਦੇ ਅੰਦਰ ਸਾਡੇ ਕੋਲੋਂ ਜਵਾਬ ਮਿਲੇਗਾ।

**ਜੇ ਤੁਹਾਡੀ ਬੇਨਤੀ ਮਨਜ਼ੂਰ ਹੋ ਜਾਂਦੀ ਹੈ ਤਾਂ ਅਸੀਂ ਇਹ ਕਰਾਂਗੇ:**

- ਤੁਹਾਨੂੰ ਲਿਖਤੀ ਰੂਪ ਵਿੱਚ ਸੂਚਿਤ ਕਰਾਂਗੇ।
- ਅਧਿਕਾਰਤ ਵਿਅਕਤੀਆਂ ਅਤੇ ਸੰਸਥਾਵਾਂ ਜਿਵੇਂ ਕਿ ਸਿਹਤ ਸੰਭਾਲ ਪ੍ਰਦਾਤਾਵਾਂ, ਸਿਹਤ ਸੰਭਾਲ ਸਹੂਲਤਾਂ ਅਤੇ ਬੀਮਾ ਕੰਪਨੀਆਂ ਨੂੰ ਤੁਹਾਡੀ ਸਿਹਤ ਜਾਣਕਾਰੀ ਦੀਆਂ ਭਵਿੱਖੀ ਰੀਲੀਜ਼ ਵਿੱਚ ਸੋਧ ਸ਼ਾਮਲ ਕਰਾਂਗੇ।
- ਉਹਨਾਂ ਵਿਅਕਤੀਆਂ ਅਤੇ/ਜਾਂ ਸੰਸਥਾਵਾਂ ਨੂੰ ਸੂਚਿਤ ਕਰਾਂਗੇ, ਜਿੰਨ੍ਹਾਂ ਨੂੰ ਅਸੀਂ ਪਿਛਲੇ ਸਮੇਂ ਵਿੱਚ ਸੋਧੀ ਹੋਈ ਜਾਣਕਾਰੀ ਜਾਰੀ ਕੀਤੀ ਹੈ। ਅਸੀਂ ਇਹ ਵੀ ਪੁੱਛਾਂਗੇ ਕਿ ਕੀ ਤੁਸੀਂ ਚਾਹੁੰਦੇ ਹੋ ਕਿ ਅਸੀਂ ਕਿਸੇ ਹੋਰ ਨੂੰ ਸੂਚਿਤ ਕਰੀਏ।

**ਅਸੀਂ ਨਿਮਨਲਿਖਤ ਕਾਰਨਾਂ ਵਿੱਚੋਂ ਕਿਸੇ ਵੀ ਕਾਰਨ ਕਰਕੇ ਤੁਹਾਡੀ ਬੇਨਤੀ ਤੋਂ ਇਨਕਾਰ ਕਰ ਸਕਦੇ ਹਾਂ:**

- ਸਾਨੂੰ ਦਸਤਾਵੇਜ਼ ਸਹੀ ਅਤੇ ਸੰਪੂਰਨ ਲੱਗਦੇ ਹਨ।
- ਜਿਸ ਜਾਣਕਾਰੀ ਵਿੱਚ ਤੁਸੀਂ ਸੋਧ ਕਰਨ ਦੀ ਬੇਨਤੀ ਕਰ ਰਹੇ ਹੋ ਉਹ PeaceHealth ਦੁਆਰਾ ਨਹੀਂ ਬਣਾਈ ਗਈ ਸੀ ਅਤੇ PeaceHealth ਦੁਆਰਾ ਇਸ ਵਿੱਚ ਸੋਧ ਨਹੀਂ ਕੀਤੀ ਜਾ ਸਕਦੀ।
- ਜਿਸ ਜਾਣਕਾਰੀ ਨੂੰ ਤੁਸੀਂ ਸੋਧਣ ਦੀ ਬੇਨਤੀ ਕਰ ਰਹੇ ਹੋ, ਉਸ ਨੂੰ "ਡੈਜੀਗਨੇਟਡ ਰਿਕਾਰਡ ਸੈਟ" (ਤੁਹਾਡੀ ਦੇਖਭਾਲ, ਇਲਾਜ, ਜਾਂ ਤੁਹਾਡੀ ਦੇਖਭਾਲ ਅਤੇ ਇਲਾਜ ਲਈ ਭੁਗਤਾਨ ਬਾਰੇ ਫੈਸਲੇ ਲੈਣ ਲਈ ਵਰਤੀ ਜਾਂਦੀ ਜਾਣਕਾਰੀ) ਦਾ ਹਿੱਸਾ ਨਹੀਂ ਮੰਨਿਆ ਜਾਂਦਾ ਹੈ।
- ਜੋ ਜਾਣਕਾਰੀ ਤੁਸੀਂ ਸੋਧਣ ਲਈ ਬੇਨਤੀ ਕਰ ਰਹੇ ਹੋ, ਉਹ ਆਮ ਤੌਰ 'ਤੇ ਕਾਨੂੰਨ ਦੁਆਰਾ ਤੁਹਾਡੇ ਨਿਰੀਖਣ ਲਈ ਉਪਲਬਧ ਨਹੀਂ ਹੁੰਦੀ ਹੈ।

**ਜੇ ਤੁਹਾਡੀ ਬੇਨਤੀ ਨੂੰ ਅਸਵੀਕਾਰ ਕਰ ਦਿੱਤਾ ਜਾਂਦਾ ਹੈ:**

- ਅਸੀਂ ਤੁਹਾਡੀ ਸਿਹਤ ਦੀ ਜਾਣਕਾਰੀ ਦੇ ਕਿਸੇ ਵੀ ਭਵਿੱਖੀ ਰੀਲੀਜ਼ ਵਿੱਚ ਸੋਧ ਦੀ ਬੇਨਤੀ ਅਤੇ ਸਾਡੇ ਇਨਕਾਰ ਨੂੰ ਅਧਿਕਾਰਤ ਵਿਅਕਤੀਆਂ ਅਤੇ ਸੰਸਥਾਵਾਂ ਜਿਵੇਂ ਕਿ ਸਿਹਤ ਸੰਭਾਲ ਪ੍ਰਦਾਤਾਵਾਂ, ਸਿਹਤ ਸੰਭਾਲ ਸਹੂਲਤਾਂ ਅਤੇ ਬੀਮਾ ਕੰਪਨੀਆਂ ਨੂੰ ਭੇਜਾਂਗੇ।
- ਤੁਸੀਂ ਇਨਕਾਰ ਨਾਲ ਅਸਹਿਮਤ ਹੁੰਦੇ ਹੋਏ ਸਾਨੂੰ ਇੱਕ ਲਿਖਤੀ ਬਿਆਨ ਸੌਂਪ ਸਕਦੇ ਹੋ।
- ਤੁਸੀਂ PeaceHealth ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ। PeaceHealth, 1115 SE 164th Ave, Vancouver WA 98683-9324 'ਤੇ ਸੰਗਠਨ ਦੀ ਇਕਸਾਰਤਾ (Organization Integrity) ਨੂੰ ਸ਼ਿਕਾਇਤ ਦਰਜ ਕਰੋ ਜਾਂ 877-261-8031 'ਤੇ ਕਾਲ ਕਰੋ।
- ਤੁਸੀਂ ਫੈਡਰਲ ਆਫਿਸ ਫਾਰ ਸਿਵਲ ਰਾਈਟਸ (Federal Office for Civil Rights) ਕੋਲ 800-368-1019 ਜਾਂ https://www.hhs.gov/ocr/complaints/index.html ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ।

ਇਹ ਪੰਨਾ ਮਰੀਜ਼ ਕੋਲ ਜਾਂਦਾ ਹੈ - ਰਿਕਾਰਡ ਵਿੱਚ ਸਕੈਨ ਨਾ ਕਰੋ

ਸੁਰੱਖਿਅਤ ਸਿਹਤ ਜਾਣਕਾਰੀ
ਵਿੱਚ ਸੋਧ ਲਈ ਬੇਨਤੀ

ਮਰੀਜ਼ ਦਾ ਨਾਮ ______________________________
ਜਨਮ ਮਿਤੀ ______________________________
ਪਤਾ ______________________________
ਸ਼ਹਿਰ, ਰਾਜ, ਜ਼ਿਪ ਕੋਡ ______________________________
ਫ਼ੋਨ ਨੰਬਰ ______________________________
ਮੈਡੀਕਲ ਰਿਕਾਰਡ # ______________________________

**For PeaceHealth Office Use Only:**
**ਸਿਰਫ਼ PeaceHealth ਦਫ਼ਤਰ ਦੀ ਵਰਤੋਂ ਲਈ:**
Date Received: ______________________________
Received by: ______________________________
Date Completed: ______________________________
Extension Needed: ❑ Yes ❑ No

**ਸਿਹਤ ਦੀ ਜਾਣਕਾਰੀ ਦਾ ਵੇਰਵਾ ਜਿਸ ਵਿੱਚ ਤੁਸੀਂ ਸੋਧ ਕਰਨ ਦੀ ਬੇਨਤੀ ਕਰਨਾ ਚਾਹੁੰਦੇ ਹੋ।**
ਸਾਰੀਆਂ ਸੋਧ ਬੇਨਤੀਆਂ ਵਿੱਚ ਇਲਾਜ ਦੀ ਮਿਤੀ ਅਤੇ ਬਦਲੀ ਜਾਣ ਵਾਲੀ ਵਿਸ਼ੇਸ਼ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ। ਜੇ ਸੰਭਵ ਹੋਵੇ, ਤਾਂ ਕਿਰਪਾ ਕਰਕੇ ਇਸ ਬੇਨਤੀ ਦੇ ਨਾਲ ਸੋਧ ਕੀਤੀ ਜਾਣ ਵਾਲੀ ਵਿਸ਼ੇਸ਼ ਜਾਣਕਾਰੀ ਦੀਆਂ ਕਾਪੀਆਂ ਸ਼ਾਮਲ ਕਰੋ।

| **ਮੁਲਾਕਾਤ/ਸੇਵਾ ਦੀ ਮਿਤੀ** | **ਦਸਤਾਵੇਜ਼ ਦੀ ਕਿਸਮ** (ਪ੍ਰਗਤੀ ਨੋਟ, ED (ਈਡੀ) ਪ੍ਰਦਾਤਾ ਨੋਟ, H&P, ਡਿਸਚਾਰਜ ਸਾਰ, ਆਦਿ) | **ਪ੍ਰਦਾਤਾ ਦਾ ਨਾਮ** |
|---|---|---|
| | | |
| | | |
| | | |

ਇਸ ਸੋਧ ਬੇਨਤੀ ਦਾ ਤੁਹਾਡਾ ਕੀ ਕਾਰਨ ਹੈ: ______________________________
ਹੇਠ ਲਿਖੀ ਜਾਣਕਾਰੀ ਗਲਤ ਜਾਂ ਅਧੂਰੀ ਜਾਪਦੀ ਹੈ: ______________________________
______________________________
______________________________
______________________________

ਕਿਰਪਾ ਕਰਕੇ ਵਰਣਨ ਕਰੋ ਕਿ ਐਂਟਰੀ ਕਿਵੇਂ ਗਲਤ ਜਾਂ ਅਧੂਰੀ ਹੈ। ਐਂਟਰੀ ਨੂੰ ਵਧੇਰੇ ਸਟੀਕ ਜਾਂ ਸੰਪੂਰਨ ਹੋਣ ਲਈ ਕੀ ਹੋਣਾ ਚਾਹੀਦਾ ਹੈ: ______________________________
______________________________
______________________________
______________________________

ਮੈਂ ਸਮਝਦਾ/ਸਮਝਦੀ ਹਾਂ ਕਿ PeaceHealth ਮੇਰੀ ਬੇਨਤੀ ਦੇ ਅਧਾਰ 'ਤੇ ਮੈਡੀਕਲ ਰਿਕਾਰਡ ਨੂੰ ਇੱਕ ਐਡੰਡਮ ਨਾਲ ਪੂਰਾ ਕਰ ਵੀ ਸਕਦਾ ਹੈ ਜਾਂ ਨਹੀਂ ਵੀ ਅਤੇ ਕਿਸੇ ਵੀ ਹਾਲਤ ਵਿੱਚ ਮੈਡੀਕਲ ਰਿਕਾਰਡ ਦੇ ਮੂਲ ਦਸਤਾਵੇਜ਼ਾਂ ਨੂੰ ਬਦਲਿਆ ਜਾਂ ਹਟਾਇਆ ਨਹੀਂ ਜਾਵੇਗਾ। ਸੋਧ ਲਈ ਇਹ ਬੇਨਤੀ ਮੇਰੇ ਸਥਾਈ ਮੈਡੀਕਲ ਰਿਕਾਰਡ ਦਾ ਹਿੱਸਾ ਬਣਾ ਦਿੱਤੀ ਜਾਵੇਗੀ ਅਤੇ ਮੇਰੇ ਮੈਡੀਕਲ ਡਾਕਟਰੀ ਦਸਤਾਵੇਜ਼ਾਂ ਲਈ ਕਿਸੇ ਵੀ ਅਧਿਕਾਰਤ ਬੇਨਤੀਆਂ ਦੇ ਜਵਾਬ ਵਿੱਚ ਭੇਜੀ ਜਾਵੇਗੀ।

______________________________
ਮਰੀਜ਼ ਵਾਸਤੇ ਦਸਤਖ਼ਤ ਕਰਨ ਲਈ ਅਧਿਕਾਰਤ ਵਿਅਕਤੀ/ਮਰੀਜ਼ ਦੇ ਦਸਤਖ਼ਤ ਰਿਸ਼ਤਾ ਮਿਤੀ/ਸਮਾਂ
*(ਜੇ ਨਿੱਜੀ ਪ੍ਰਤੀਨਿਧੀ ਦੁਆਰਾ ਦਸਤਖ਼ਤ ਕੀਤੇ ਜਾਂਦੇ ਹਨ, ਤਾਂ ਅਥਾਰਟੀ ਦਾ ਸਬੂਤ ਪ੍ਰਦਾਨ ਕਰਨਾ ਲਾਜ਼ਮੀ ਹੈ)*



Patient Identification

Peace Health

ਸੁਰੱਖਿਅਤ ਸਿਹਤ ਜਾਣਕਾਰੀ
ਵਿੱਚ ਸੋਧ ਲਈ ਬੇਨਤੀ

---

## FOR PEACEHEALTH USE ONLY
## ਸਿਰਫ਼ PEACEHEALTH ਦੀ ਵਰਤੋਂ ਲਈ

❑ Amendment Accepted/Approved
❑ Partially Accepted/Denied
❑ Addendum Created

OR

❑ Amendment Denied (check reason for denial)
- ❑ PHI is accurate and complete
- ❑ PHI not created by this organization
- ❑ PHI is not available to the patient for inspection

Provider Comments: ______________________________________________

______________________________________________

______________________________________________

______________________________________________

**Provider Signature** **Title** **EHR User ID** **Date** **Time**



Patient Identification